## ਸ਼ੇਖ ਫ਼ਰੀਦ - ਸਬਦ ੬੭
## ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ ॥੬੪॥

ਸਾਰ: ਜਾਗ੍ਰਿਤ ਰੂਹਾਂ ਅਸਥਿਰ ਸੰਸਾਰ ਵਿਚ ਰਹਿੰਦੀਆਂ ਹੋਈਆਂ ਵੀ ਇਸ ਵਿਚ ਖਚਿਤ ਨਹੀਂ ਹੁੰਦੀਆਂ। ਉਨ੍ਹਾਂ ਨੂੰ ਇਸ ਤੱਥ ਦੀ ਸੋਝੀ ਹੁੰਦੀ ਹੈ ਕਿ ਭਰਮ ਇਸ ਵਿਚ ਨਹੀਂ ਕਿ ਕਿਸੇ ਵੀ ਤੱਥ ਦੀ ਹੋਂਦ ਨਹੀਂ ਹੈ, ਪਰ ਇਸ ਅਸਲ ਵਿਚ ਹੈ ਕਿ ਕੁਝ ਵੀ ਸਦੀਵੀ ਨਹੀਂ ਹੈ, ਇਸ ਲਈ ਉਸ ਨਾਲ ਲਗਾਵ ਰੱਖਣਾ ਯੋਗ ਨਹੀਂ। ਉਹ ਕਰਮ ਤਾਂ ਕਰਦੇ ਹਨ, ਪਰ ਉਨ੍ਹਾਂ ਦਾ ਮੋਹ ਮੱਧਮ ਹੋ ਜਾਂਦਾ ਹੈ, ਉਸ ਹੱਥ ਦੀ ਤਰ੍ਹਾਂ ਜੋ ਸਹਾਰਾ ਤਾਂ ਦਿੰਦਾ ਹੈ ਪਰ ਕੱਸ ਕੇ ਫੜਦਾ ਨਹੀਂ। ਇਸ ਦ੍ਰਿਸ਼ਟੀ ਵਿਚ ਨਾ ਤਾਂ ਸੰਸਾਰ ਨਾਲ ਕੋਈ ਵੈਰ ਦੀ ਭਾਵਨਾ ਰੱਖੀ ਜਾਂਦੀ ਹੈ ਅਤੇ ਨਾ ਹੀ ਇਸ ਦੇ ਆਸਰੇ ਦੀ ਤਾਂਘ; ਇਹ ਸਿਰਫ਼ ਇਕ ਛਿਨਭੰਗਰ ਵਰਤਾਰੇ ਦੀ ਤਰ੍ਹਾਂ ਭਾਸਦਾ ਹੈ। ਖੁਸ਼ੀ ਤੇ ਦੁੱਖ ਆਉਂਦੇ ਜਾਂਦੇ ਰਹਿੰਦੇ ਹਨ, ਪਰ ਕੋਈ ਵੀ ਉਸ ਜਾਗ੍ਰਿਤ ਰੂਹ ਦੇ ਸੱਚ ਨੂੰ ਪਰਿਭਾਸ਼ਿਤ ਨਹੀਂ ਕਰਦਾ। ਸਿਰਫ਼ ਸ਼ੁਧ ਚੇਤਨਾ ਹੀ ਰਹਿ ਜਾਂਦੀ ਹੈ, ਜੋ ਹਰ ਅਸਥਿਰਤਾ ਨੂੰ ਉਭਰਦੇ ਤੇ ਅੰਤ ਵਿਚ ਮਿੱਟੀ ਹੁੰਦਾ ਦੇਖਦੀ ਹੈ।

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
ਹੰਸ ਇਕ ਛੋਟੇ, ਖਾਰੇ ਛੱਪੜ ਵਿਚ ਉਤਰ ਆਏ ਹਨ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਇਕ ਜਾਗਰੂਕ ਜੀਵ ਇਸ ਅਸਥਿਰ ਅਤੇ ਭਰਮਮਈ ਸੰਸਾਰ ਦਾ ਹਿੱਸਾ ਹੋਣ ਦੇ ਬਾਵਜੂਦ ਵੀ ਇਸ ਤੋਂ ਪ੍ਰਭਾਵਿਤ ਨਹੀਂ ਹੁੰਦਾ।

ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ ॥੬੪॥
ਉਹ ਆਪਣੀਆਂ ਚੁੰਝਾਂ ਪਾਣੀ ਵਿਚ ਡੋਬਦੇ ਤਾਂ ਹਨ ਪਰ ਪਾਣੀ ਪੀਂਦੇ ਨਹੀਂ, ਕਿਉਂਕਿ ਉਨ੍ਹਾਂ ਵਿਚ ਉੱਚਾ ਉੱਡਣ ਦੀ ਤੀਬਰ ਤਾਂਘ ਹੁੰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕ ਚੇਤਨਾ ਪਦਾਰਥਿਕ ਸੰਸਾਰ

ਵਿਚ ਮੌਜੂਦ ਹੈ, ਪਰ ਉਹ ਨਕਾਰਾਤਮਕਤਾ ਨੂੰ ਗ੍ਰਹਿਣ ਕਰਨ ਤੋਂ ਇਨਕਾਰ ਕਰਦੀ ਹੋਈ  ਏਕਤਾ ਉੱਤੇ ਕੇਂਦ੍ਰਿਤ ਰਹਿੰਦੀ ਹੈ। (੬੪)

**ਤੱਤ:** ਸ਼ੇਖ ਫ਼ਰੀਦ ਦਰਸਾਉਂਦੇ ਹਨ ਹਨ ਕਿ ਜਾਗ੍ਰਿਤ ਚੇਤਨਾ ਪਦਾਰਥਿਕ ਸੰਸਾਰ ਦੇ ਅੰਦਰ ਹੀ ਵਿਦਮਾਨ ਹੈ, ਪਰ ਇਹ ਇਸ ਸੰਸਾਰ ਦੁਆਰਾ ਪਰਿਭਾਸ਼ਿਤ ਨਹੀਂ ਹੁੰਦੀ। ਇਹ ਮਾਰੂਪਣੇ, ਇੱਛਾਵਾਂ, ਅਤੇ ਖਰਾਬ ਹੋਣ ਵਾਲੀ ਪ੍ਰਵਿਰਤੀ ਦੀ ਨਿਸ਼ਾਨਦੇਹੀ ਕਰਦਿਆਂ ਉਸਨੂੰ ਕਿਸੇ ਦੀ ਹੋਂਦ ਦਾ ਹਿੱਸਾ ਨਹੀਂ ਬਣਨ ਦਿੰਦੀ।  ਇੰਦ੍ਰੀਆਂ ਆਪਣਾ ਕਰਮ ਕਰਦੀਆਂ ਹਨ, ਮਨ ਪ੍ਰਤੀਕਿਰਿਆ ਕਰਦਾ ਹੈ, ਪਰ ਇਸ ਸਭ ਦੇ ਹੇਠਾਂ ਇਕ ਨਿਰੰਤਰ ਏਕਤਾ ਸਰੂਪ ਚੇਤਨਾ ਦਾ ਵਾਸਾ ਹੁੰਦਾ ਹੈ। ਇਹ ਚੇਤਨਾ ਇਕ ਧੁਰੇ ਦੀ ਤਰ੍ਹਾਂ ਕਾਰਜ਼ ਕਰਦੀ ਹੈ, ਜੋ ਸਾਰੇ ਕਰਮਾਂ ਨੂੰ ਉਸ ਸਰਬਵਿਆਪੀ ਸਤਾ ਵੱਲ ਮੋੜ ਦਿੰਦੀ ਹੈ। ਇਸ ਪ੍ਰਕਿਰਿਆ ਵਿਚ ਵੱਖਰੇਪਣ ਦੇ ਭਰਮ ਖਤਮ ਹੋਣ ਲੱਗਦੇ ਹਨ ਅਤੇ ਅੰਤ ਇਕ ਗੂੜ੍ਹ ਇਕਰੂਪ ਏਕਮ ਸਤਾ ਦਾ ਅਹਿਸਾਸ ਉਭਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

**ਵੈੱਬਸਾਈਟ: [OnenessInDiversity.com](https://OnenessInDiversity.com)**

ਈਮੇਲ**: onenessindiversityfoundation@gmail.com**